## ਗੋਬਿੰਦ ਭਾਉ ਭਗਤਿ ਦਾ ਭੁਖਾ

ਇਹ ਪੰਕਤੀਆਂ, ਭਾਈ ਗੁਰਦਾਸ ਜੀ ਦੀਆਂ ਵਾਰਾਂ ਵਿਚੋਂ ੧੦ਵੀਂ ਵਾਰ ਦੀ ੭ਵੀਂ ਪਉੜੀ ਹਨ। ਇਸ ਪਉੜੀ ਵਿਚ ਸ੍ਰੀ ਕ੍ਰਿਸ਼ਨ ਜੀ ਅਤੇ ਦੁਰਜੋਧਨ ਦਾ ਉਸ ਸਮੇਂ ਦਾ ਵਾਰਤਾਲਾਪ ਹੈ, ਜਦੋਂ ਸ੍ਰੀ ਕ੍ਰਿਸ਼ਨ ਜੀ, ਰਾਜਾ ਧ੍ਰਿਤਰਾਸ਼ਟਰ ਦੇ ਦਰਬਾਰ ਵਿਚ ਜੰਗ ਨੂੰ ਟਾਲਣ ਦੀ ਵਿਉਂਤ ਦੀ ਤਜਵੀਜ਼ ਰਖਣ ਆਉਂਦੇ ਹਨ ਅਤੇ ਰਾਤ ਠਹਿਰਨ ਲਈ ਰਾਜ ਘਰਾਣੇ ਦੇ ਕਿਸੇ ਦੇ ਘਰ ਨਾ ਜਾ ਕੇ, ਦਾਸੀ ਪੁਤਰ ਬਿਦਰ ਦੇ ਘਰ ਉਤਾਰਾ ਕਰਦੇ ਹਨ। ਦੁਰਜੋਧਨ ਨੂੰ ਆਪਣਾ ਯੁਵਰਾਜ, ਰਾਜ ਦੇ ਉਤਰਾਧਿਕਾਰੀ ਹੋਣ ਦਾ ਬਹੁਤ ਘਮੰਡ ਸੀ ਅਤੇ ਗ਼ਰੀਬ ਬਿਦਰ, ਜੋ ਇਕ ਭਗਤ ਅਤੇ ਇਨਸਾਫ਼ ਪਸੰਦ ਸੀ, ਨੂੰ ਪਸੰਦ ਨਹੀਂ ਸੀ ਕਰਦਾ। ਅਖੀਰਲੀ ਪੰਕਤੀ ਵਿਚ ਭਾਈ ਗੁਰਦਾਸ ਜੀ ਦੀ ਆਪਣੀ ਟਿਪਣੀ ਹੈ, ਜੋ ਇਸ ਪਉੜੀ ਦਾ ਸੰਦੇਸ਼ ਹੈ ਕਿ **ਪ੍ਰਭੂ ਗੋਬਿੰਦ ਨੂੰ ਪ੍ਰੇਮ ਅਤੇ ਭਗਤੀ ਤੋਂ ਇਲਾਵਾ ਹੋਰ ਕਿਸੇ ਢੰਗ ਨਾਲ ਨਹੀਂ ਰਿਝਾਇਆ ਜਾ ਸਕਦਾ, ਉਹ ਤਾਂ ਮਨ ਦੇ ਕੇ ਪ੍ਰਾਪਤ ਹੁੰਦਾ ਹੈ** – 'ਮਨੁ ਦੇ ਰਾਮੁ ਲੀਆ ਹੈ ਮੋਲਿ॥', ਅੰਕ ੩੨੭.

**ਆਇਆ ਸੁਣਿਆ ਬਿਦਰ ਦੇ ਬੋਲੈ ਦੁਰਜੋਧਨੁ ਹੋਇ ਰੁਖਾ॥**

– – ਦੁਰਜੋਧਨ ਰੁਖਾ ਜਿਹਾ ਹੋ ਕੇ ਸ੍ਰੀ ਕ੍ਰਿਸ਼ਨ ਜੀ ਨੂੰ ਪੁਛਦਾ ਹੈ ਕਿ ਸੁਣਿਆ ਹੈ ਤੁਸੀਂ ਬਿਦਰ ਦੇ ਘਰ ਠਹਿਰੇ ਹੋ !

ਸ੍ਰੀ ਗੁਰੂ ਰਾਮਦਾਸ ਸਾਹਿਬ ਇਸ ਘਟਨਾ ਦੀ ਗਵਾਹੀ ਭਰਦੇ ਹਨ ਕਿ ਸ੍ਰੀ ਕ੍ਰਿਸ਼ਨ ਜੀ ਗਰੀਬਾਂ ਤੋਂ ਵੀ ਗਰੀਬਾਂ ਤੇ ਦਇਆਵਾਨ ਹੋਏ ਹਨ ਜਦੋਂ ਉਹ ਇਕ ਗ਼ਰੀਬ ਬਿਦਰ ਦੇ ਘਰ ਆ ਠਹਿਰੇ – 'ਦੀਨਾ ਦੀਨ ਦਇਆਲ ਭਏ ਹੈ ਜਿਉ ਕ੍ਰਿਸਨੁ ਬਿਦਰ ਘਰਿ ਆਇਆ॥ ਮਿਲਿਓ ਸੁਦਾਮਾ ਭਾਵਨੀ ਧਾਰਿ ਸਭੁ ਕਿਛੁ ਆਗੈ ਦਾਲਦੁ ਭੰਜਿ ਸਮਾਇਆ॥', ਪੰਨਾ ੧੧੯੧. ਨਾਲ ਹੀ, ਸ੍ਰੀ ਕ੍ਰਿਸ਼ਨ ਜੀ ਦੇ 'ਦੀਨਾ ਦੀਨ ਦਇਆਲ' ਹੋਣ ਦੀ ਇਕ ਹੋਰ ਮਿਸਾਲ ਦਿਤੀ ਹੈ, ਜਦੋਂ ਉਨ੍ਹਾਂ ਨੇ ਬਹੁਤ ਪ੍ਰੇਮ ਵਿਚ ਗ਼ਰੀਬ ਸੁਦਾਮਾ ਨੂੰ ਮਿਲੇ ਅਤੇ ਉਸ ਦੇ ਘਰ ਪੁਜਣ ਤੋਂ ਪਹਿਲਾਂ, ਉਸ ਨੂੰ ਚਾਰੇ ਪਦਾਰਥ, ਧਰਮ ਅਰਥ ਕਾਮ ਮੋਖ਼ਸ਼ ਆਦਿ ਸੌਂਪ ਕੇ ਉਸ ਦਾ ਦਲਿਦਰ ਭੰਨ ਦਿਤਾ ਅਤੇ ਉਸ ਨੂੰ ਆਪਣੇ ਵਿਚ ਸਮਾਅ ਵੀ ਲਿਆ।

**ਘਰਿ ਅਸਾਡੇ ਛਡਿ ਕੈ ਗੋਲੇ ਦੇ ਘਰਿ ਜਾਹਿ ਕਿ ਸੁਖਾ॥**

– – ਤੁਸੀਂ ਸਾਡੇ ਘਰਾਂ ਨੂੰ ਛਡ ਕੇ ਇਕ ਗੋਲੇ, ਗ਼ੁਲਾਮ ਦੇ ਘਰ ਜਾ ਕੇ ਕੀ ਸੁਖ ਲਭਦੇ ਹੋ !

ਭਾਵ, ਰਾਜ ਦਰਬਾਰੀਆਂ ਦੇ ਘਰ, ਸਭ ਸੁਖ ਸੁਵਿਧਾ ਦੇ ਸਾਧਨ ਅਤੇ ਪਕਵਾਨ ਆਦਿ ਮੌਜੂਦ ਹਨ। ਇਕ ਗ਼ਰੀਬ, ਦਾਸੀ ਪੁਤਰ ਦੇ ਘਰ ਅਜਿਹੇ ਸੁਖ ਸੁਵਿਧਾ ਦੇ ਸਾਧਨ ਪ੍ਰਾਪਤ ਨਹੀਂ ਹੋ ਸਕਦੇ।

**ਭੀਖਮੁ ਦ੍ਰੋਣਾ ਕਰਣ ਤਜਿ ਸਭਾ ਸੀਗਾਰ ਵਡੇ ਮਾਨੁਖਾ॥**

– – ਦੁਰਜੋਧਨ ਅਗੋਂ ਕਹਿੰਦਾ ਹੈ ਕਿ ਭੀਸ਼ਮ ਪਿਤਾਮਾ, ਅਚਾਰੀਆ ਦ੍ਰੋਣ, ਕਰਣ ਆਦਿ ਵਡੇ ਦਰਬਾਰੀ ਹਨ, ਦਰਬਾਰ ਦੇ ਸ਼ਿੰਗਾਰ ਹਨ ਤੇ ਰੱਜੇ ਹੋਏ ਵਡੇ ਲੋਕ ਹਨ। ਤੁਸੀਂ ਉਨ੍ਹਾਂ ਸਾਰਿਆਂ ਨੂੰ ਛਡ ਕੇ ਉਸ ਗੋਲੇ ਦੇ ਘਰ ਜਾ ਠਹਿਰੇ ਹੋ।

ਚੇਤੇ ਰਹੇ ਕਿ ਇਹ ਸਾਰੇ 'ਸਭਾ ਦੇ ਸ਼ਿੰਗਾਰ' ਭਾਵੇਂ ਉਚੀਆਂ ਜਾਤਾਂ/ਅਵਸਥਾਵਾਂ ਵਾਲੇ, ਵਡੇ

ਸੂਰਬੀਰ ਜੋਧੇ ਅਤੇ ਉਘੇ ਸਨ, ਜੋ ਵਡੇ ਵਡੇ ਵਰਦਾਨ ਪ੍ਰਾਪਤ ਵੀ ਸਨ ਅਤੇ ਨਾਲ ਹੀ ਸ੍ਰੀ ਕ੍ਰਿਸ਼ਨ ਜੀ ਦਾ ਗੁਰ-ਜੋਤਿ ਹੋਣਾ ਵੀ ਜਾਣਦੇ ਸਨ। ਫ਼ਿਰ ਵੀ ਇਨ੍ਹਾਂ ਨੇ ਮਹਾਰਾਜ ਦੇ ਵਲ ਨਾ ਹੋ ਕੇ, ਉਨ੍ਹਾਂ ਤੋਂ ਉਲਟ, ਅਧਰਮੀ, ਗ਼ਲਤ ਬੰਦੇ, ਦੁਰਜੋਧਨ ਦਾ ਸਾਥ ਦਿਤਾ, ਜਿਸ ਕਰ ਕੇ ਇਨ੍ਹਾਂ ਦਾ ਨਾਸ ਹੋਇਆ। ਗੁਰ-ਜੋਤਿ ਪਰਮਾਤਮਾ ਦਾ ਹੀ ਸਰਗੁਨ ਸਰੂਪ ਹੈ ਜੋ ਸਦਾ 'ਸਚੁ' ਹੈ। ਉਸ ਤੋਂ ਉਲਟ ਜਾਣ ਵਾਲਾ, ਸਦਾ ਹੀ ਗ਼ਲਤ ਹੁੰਦਾ ਹੈ, ਉਹ ਭਾਵੇਂ ਕੋਈ ਵੀ ਹੋਵੇ।

**ਝੁੰਗੀ ਜਾਇ ਵਲਾਇਓਨ ਸਭਨਾ ਦੇ ਜੀਅ ਅੰਦਰਿ ਧੁਖਾ॥**

-- ਦੁਰਜੋਧਨ, ਆਪਣੇ ਹੰਕਾਰ ਵਿਚ, ਅਗੋਂ ਹੋਰ ਕਹਿੰਦਾ ਹੈ, ਸਾਡੇ ਸਾਰਿਆਂ ਦੇ ਮਨ ਵਿਚ ਇਹ ਧੁਖਦਾ ਹੈ ਕਿ ਤੁਸੀਂ ਸਾਰਿਆਂ ਦੀ ਆਉ-ਭਗਤੀ ਦੇ ਵਡੇ ਸਾਧਨ ਛਡ ਕੇ ਬਿਦਰ ਦੀ ਝੁਗੀ ਜਾ ਵਲੀ।

ਸ੍ਰੀ ਗੁਰੂ ਰਾਮਦਾਸ ਸਾਹਿਬ ਗੁਰ-ਜੋਤਿ, ਪ੍ਰਭੂ ਦੇ ਰੂਪ, ਦੀ ਵਡਿਆਈ ਦਸਦੇ ਹਨ ਕਿ 'ਜੋ ਕੋਈ ਵੀ, ਭਾਵੇਂ ਨੀਚ ਜਾਤਿ ਦਾ ਹੋਵੇ, ਪ੍ਰਭੂ ਨਾਲ ਪ੍ਰੇਮ ਕਰਦਾ ਹੈ, ਸਦਾ ਉਸ ਨੂੰ ਜਪਦਾ ਹੈ, ਉਸ ਨੂੰ ਪ੍ਰਭੂ ਉਤਮ ਪਦਵੀ ਦਿੰਦਾ ਹੈ। ਇਹ ਗਲ ਭਾਵੇਂ ਬਿਦਰ ਨੂੰ ਪੁਛ ਲਉ ਜੋ ਦਾਸੀ ਪੁਤਰ ਸੀ, ਫ਼ਿਰ ਵੀ ਸ੍ਰੀ ਕ੍ਰਿਸ਼ਨ ਜੀ ਉਸੇ ਦੀ ਹੀ ਘਰ ਆਣ ਉਤਰੇ' - 'ਨੀਚ ਜਾਤਿ ਹਰਿ ਜਪਤਿਆ ਉਤਮ ਪਦਵੀ ਪਾਇ॥ ਪੂਛਹੁ ਬਿਦਰ ਦਾਸੀ ਸੁਤੈ ਕਿਸਨੁ ਉਤਰਿਆ ਘਰਿ ਜਿਸੁ ਜਾਇ॥', ਪੰਨਾ ੭੩੩. **ਸ੍ਰੀ ਗੁਰੂ ਨਾਨਕ ਸਾਹਿਬ ਨੇ ਵੀ** ਮਲਿਕ ਭਾਗੋ ਦੇ ਪਕਵਾਨ ਛਡ ਕੇ ਭਾਈ ਲਾਲੋ ਜੀ ਦੇ ਘਰ ਰਹਿਣਾ ਅਤੇ ਉਸ ਦੀ ਹੀ ਕੋਧਰੇ ਦੀ ਰੋਟੀ ਪ੍ਰਵਾਨ ਕੀਤੀ ਸੀ।

**ਹਸਿ ਬੋਲੇ ਭਗਵਾਨ ਜੀ ਸੁਣਿਹੋ ਰਾਜਾ ਹੋਇ ਸਨਮੁਖਾ॥**

-- ਦੁਰਜੋਧਨ ਦੇ ਰੁਖੇ ਸ਼ਬਦਾਂ ਦੇ ਉਤਰ ਵਿਚ, ਹਸ ਕੇ '**ਭਗਵਾਨ ਜੀ**', ਸ੍ਰੀ ਕ੍ਰਿਸ਼ਨ ਜੀ ਬੋਲੇ ਕਿ ਹੇ ਰਾਜਨ ! ਸਾਡੀ ਗਲ ਜ਼ਰਾ ਸਨਮੁਖ ਹੋ ਕੇ, ਧਿਆਨ ਲਗਾ ਕੇ ਸੁਣੋ।

ਨੋਟ ਕਰਨ ਯੋਗ ਹੈ ਕਿ ਦੁਰਜੋਧਨ ਆਪਣੇ ਸੁਭਾਅ ਮੁਤਾਬਕ ਰੁਖਾ ਬੋਲਿਆ ਸੀ। '**ਭਗਵਾਨ ਜੀ**' ਆਪਣੇ ਸੁਭਾਅ ਮੁਤਾਬਕ ਹਸ ਕੇ ਬੋਲਦੇ ਹਨ, ਕਿਉਂਕਿ ਗੁਰ-ਜੋਤਿ ਦਾ ਸੁਭਾਅ ਮਿਠ ਬੋਲੜਾ ਹੁੰਦਾ ਹੈ, ਜਿਵੇਂ ਸ੍ਰੀ ਗੁਰੂ ਅਰਜਨ ਸਾਹਿਬ ਦੇ ਬਚਨ ਹਨ ਕਿ **ਹਰੀ ਪ੍ਰਭੂ ਭਗਵਾਨ** ਜੀ ਹਮੇਸ਼ਾਂ ਮਿਠੇ ਬੋਲ ਬੋਲਦੇ ਹਨ, ਉਹ ਕੌੜਾ ਬੋਲ ਬੋਲਦੇ ਹੀ ਨਹੀਂ, ਭਾਵੇਂ ਚੇਤੇ ਕਰ ਕੇ ਵੇਖ ਲਉ, ਕਿਉਂਕਿ ਉਹ ਪੂਰਨ ਹੈ, '**ਭਗਵਾਨ ਜੀ**' ਹਨ - 'ਮਿਠ ਬੋਲੜਾ ਜੀ ਹਰਿ ਸਜਣੁ ਸੁਆਮੀ ਮੋਰਾ॥ ਹਉ ਸੰਮਲਿ ਥਕੀ ਜੀ ਓਹੁ ਕਦੇ ਨ ਬੋਲੈ ਕਉਰਾ॥ ਕਉੜਾ ਬੋਲਿ ਨ ਜਾਨੈ ਪੂਰਨ **ਭਗਵਾਨੈ** ਅਉਗੁਣੁ ਕੋ ਨ ਚਿਤਾਰੈ॥', ਅੰਕ ੭੮੪.

ਭਾਈ ਗੁਰਦਾਸ ਜੀ ਨੇ ਸ੍ਰੀ ਕ੍ਰਿਸ਼ਨ ਜੀ ਲਈ '**ਭਗਵਾਨ ਜੀ**' ਲਫ਼ਜ਼ ਵਰਤਿਆ ਹੈ। ਭਾਈ ਸਾਹਿਬ ਉਨ੍ਹਾਂ ਲਈ '**ਠਾਕੁਰ**' '**ਜਗਦੀਸ**' ਅਤੇ '**ਹਰਿ ਜੀ**' ਲਫ਼ਜ਼ ਵੀ ਵਰਤਦੇ ਹਨ - 'ਕਪੜ ਕੋਟੁ ਉਸਾਰਿਓਨੁ ਥਕੇ ਦੂਤ ਨ ਪਾਰਿ ਵਸਾਂਦੀ॥.. ਘਰਿ ਆਈ **ਠਾਕੁਰ** ਮਿਲੇ ਪੈਜ ਰਹੀ ਬੋਲੀ ਸਰਮਾਂਦੀ॥ ਨਾਥ ਅਨਾਥਾਂ ਬਾਣਿ ਧੁਰਾਂਦੀ॥', ਵਾਰ ੧੦:੮. 'ਲਾਗੂ ਹੋਈ ਬਾਮਣੀ ਮਿਲਿ **ਜਗਦੀਸ** ਦਲਿਦ੍ਰ ਗਵਾਏ॥..ਪਹੁਤਾ ਨਗਰਿ ਦੁਆਰਕਾ ਸਿੰਘ ਦੁਆਰਿ ਖਲੋਤਾ ਜਾਇ॥ ਦੂਰਹੁੰ ਦੇਖਿ ਡੰਡਉਤ ਕਰਿ ਛਡਿ ਸਿੰਘਾਸਣੁ **ਹਰਿ ਜੀ** ਆਏ॥..ਚਾਰਿ ਪਦਾਰਥ ਸਕੁਚਿ ਪਠਾਏ॥', ਵਾਰ ੧੦:੯. ਇਸ ਦੀ ਗਵਾਹੀ ਭਗਤ ਕਬੀਰ ਜੀ ਨੇ ਵੀ ਭਰੀ ਹੈ ਅਤੇ ਸ੍ਰੀ ਕ੍ਰਿਸ਼ਨ ਜੀ ਨੂੰ '**ਸਮ੍ਰਥ ਦਾਤੇ**' ਕਹਿ ਕੇ ਸੰਬੋਧਨ ਕੀਤਾ ਹੈ - 'ਜੈਦੇਉ ਨਾਮਾ ਬਿਪ

ਸੁਦਾਮਾ ਤਿਨ ਕਉ ਕ੍ਰਿਪਾ ਭਈ ਹੈ ਅਪਾਰ॥ ਕਹਿ ਕਬੀਰ ਤੁਮ **ਸੰਮ੍ਰਥ ਦਾਤੇ** ਚਾਰਿ ਪਦਾਰਥ ਦੇਤ ਨ ਬਾਰ॥', ਪੰਨਾ ੮੫੬.

ਭਗਤ ਨਾਮਦੇਵ ਜੀ ਨੇ ਸ੍ਰੀ ਕ੍ਰਿਸ਼ਨ ਜੀ ਨੂੰ '**ਰਮਈਆ ਕਵਲਾਪਤੀ**' ਅਤੇ '**ਸ੍ਰੀ ਨਾਰਾਇਨਾ**' ਵੀ ਕਿਹਾ ਹੈ - 'ਧਨਿ ਧਨਿ ਤੂ ਮਾਤਾ ਦੇਵਕੀ॥ ਜਿਹ ਗ੍ਰਿਹ **ਰਮਈਆ ਕਵਲਾਪਤੀ॥** ਧਨਿ ਧਨਿ ਬਨ ਖੰਡ ਬਿੰਦ੍ਰਾਬਨਾ॥ ਜਿਹ ਖੇਲੈ **ਸ੍ਰੀ ਨਾਰਾਇਨਾ॥**', ਪੰਨਾ ੯੮੮.

**ਤੇਰੇ ਭਾਉ ਨ ਦਿਸਈ ਮੇਰੇ ਨਾਹੀ ਅਪਦਾ ਦੁਖਾ॥**

-- ਭਗਵਾਨ ਜੀ ਫ਼ੁਰਮਾਉਂਦੇ ਹਨ ਕਿ ਹੇ ਦੁਰਜੋਧਨ ! ਤੇਰੇ ਅੰਦਰ ਸਾਡੇ ਲਈ ਪ੍ਰੇਮ ਨਹੀਂ ਹੈ ਅਤੇ ਨਾ ਹੀ ਸਾਨੂੰ ਕੋਈ ਅਪਦਾ, ਕਿਸੇ ਸੰਕਟ ਦਾ ਦੁਖ ਹੈ, ਤੇਰੇ ਨਾਲ ਕੋਈ ਨਿਜੀ ਕੰਮ ਨਹੀਂ।

ਸ੍ਰੀ ਕ੍ਰਿਸ਼ਨ ਜੀ ਨੇ ਦੁਰਜੋਧਨ ਨੂੰ ਵਿਵਹਾਰਕ ਸਚਿਆਈ ਦਸੀ ਕਿ ਕਿਸੇ ਕੋਲ, ਕੋਈ ਦੋ ਹੀ ਕਾਰਣਾਂ ਕਰ ਕੇ ਜਾਂਦਾ ਹੈ, ਜਾਂ ਤਾਂ ਉਸ ਨਾਲ ਪ੍ਰੇਮ ਹੋਵੇ ਅਤੇ ਜਾਂ ਉਸ ਨਾਲ ਕੋਈ ਨਿਜੀ ਕੰਮ ਹੋਵੇ। ਉਨ੍ਹਾਂ ਤੇ ਇਨ੍ਹਾਂ ਦੋਹਾਂ ਵਿਚੋਂ ਕੋਈ ਵੀ ਗਲ ਲਾਗੂ ਨਹੀਂ ਹੁੰਦੀ। ਇਸ ਲਈ ਉਹ ਦੁਰਜੋਧਨ ਕੋਲ ਕਿਉਂ ਜਾਂਦੇ।

ਸ੍ਰੀ ਗੁਰੂ ਨਾਨਕ ਸਾਹਿਬ ਨੇ ਸਪੱਸ਼ਟ ਸ਼ਬਦ ਵਰਤੇ ਹਨ ਕਿ ਦੁਰਜੋਧਨ ਹੰਕਾਰ ਕਰ ਕੇ ਡੁਬ ਗਿਆ ਅਤੇ ਆਪਣੀ ਪਤ, ਇਜ਼ਤ ਗੁਆ ਲਈ। ਸ੍ਰੀ ਕ੍ਰਿਸ਼ਨ ਜੀ ਦੇ ਰੂਪ ਵਿਚ ਰਾਮ ਪ੍ਰਭੂ ਨੂੰ ਨਹੀਂ ਜਾਣ ਸਕਿਆ, ਨਹੀਂ ਸਮਝ ਸਕਿਆ ਕਿ ਉਹ '**ਕਰਤਾ**' ਹਨ - 'ਬੂਡਾ ਦੁਰਜੋਧਨੁ ਪਤਿ ਖੋਈ॥ ਰਾਮੁ ਨ ਜਾਨਿਆ **ਕਰਤਾ** ਸੋਈ॥', ਪੰਨਾ ੨੨੫.

ਭਗਤ ਕਬੀਰ ਜੀ ਵੀ ਗਵਾਹੀ ਭਰ ਰਹੇ ਹਨ ਕਿ ਦੁਰਜੋਧਨ ਆਪਣੀ ਹਸਤੀ ਨੂੰ ਵਡਾ ਜਾਣ ਕੇ ਹੰਕਾਰ ਵਿਚ ਰਿਹਾ ਅਤੇ ਸ੍ਰੀ ਕ੍ਰਿਸ਼ਨ ਜੀ ਨੂੰ '**ਸ੍ਰੀ ਭਗਵਾਨ**' ਨਹੀਂ ਜਾਣਿਆ, ਭਰਮ ਵਿਚ ਰਿਹਾ, ਜਿਸ ਕਰ ਕੇ ਪ੍ਰੇਮ ਨਹੀਂ ਕਰ ਸਕਿਆ - 'ਹਸਤੀ ਦੇਖਿ ਭਰਮ ਤੇ ਭੂਲਾ **ਸ੍ਰੀ ਭਗਵਾਨੁ** ਨ ਜਾਨਿਆ॥', ਪੰਨਾ ੧੧੦੫.

**ਭਾਉ ਜਿਵੇਹਾ ਬਿਦਰ ਦੇ ਹੋਰੀ ਦੇ ਚਿਤਿ ਚਾਉ ਨ ਚੁਖਾ॥**

-- ਅਗੋਂ ਸ੍ਰੀ ਭਗਵਾਨ ਜੀ ਨੇ ਫ਼ੁਰਮਾਇਆ ਕਿ ਜਿਹੋ ਜਿਹੀ ਪ੍ਰੇਮ ਭਾਵਨਾ ਅਤੇ ਪ੍ਰੇਮ ਦਾ ਚਾਉ ਬਿਦਰ ਦੇ ਹਿਰਦੇ ਵਿਚ ਹੈ, ਬਾਕੀ ਕਿਸੇ ਵਿਚ ਉਸ ਦੇ ਰੰਚਕ ਮਾਤਰ ਵੀ ਭਾਉ ਭਗਤੀ ਦੀ ਭਾਵਨਾ ਨਹੀਂ ਹੈ।

ਇਤਿਹਾਸ ਵਿਚ ਅਜਿਹੀ ਭਾਵਨਾ ਸ਼ਬਰੀ (ਭੀਲਣੀ), ਭਾਈ ਲਾਲੋ, ਭਾਈ ਸਾਧੂ ਤੇ ਭਾਈ ਰੂਪਾ (ਛੇਵੇਂ ਪਾਤਸ਼ਾਹ ਦੇ ਸਿਖ) ਆਦਿ ਦੇ ਮਨਾਂ ਵਿਚ ਵੇਖਣ ਨੂੰ ਮਿਲਦੀ ਹੈ। ਕਸ਼ਮੀਰ ਵਿਚ ਇਕ ਬਜ਼ੁਰਗ ਮਾਈ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਲਈ ਇਕ ਕੁੜਤਾ ਸੀ ਕੇ ਰਖ ਕੇ ਉਡੀਕਦੀ ਰਹੀ ਅਤੇ ਮਹਾਰਾਜ ਨੇ ਉਸ ਦੀ ਸ਼ਰਧਾ ਪੂਰੀ ਕੀਤੀ। ਹੋਰ ਇਤਿਹਾਸ ਵਿਚ ਅਜਿਹੀਆਂ ਕਈ ਮਿਸਾਲਾਂ ਮਿਲ ਜਾਂਦੀਆਂ ਹਨ।

ਭਗਤ ਕਬੀਰ ਜੀ ਨੇ ਸ੍ਰੀ ਕ੍ਰਿਸ਼ਨ ਜੀ ਵਲੋਂ ਦੁਰਜੋਧਨ ਨੂੰ ਕਹੇ ਬੋਲ ਅੰਕਤ ਕੀਤੇ ਹਨ ਕਿ 'ਤੇਰੇ ਘਰ ਕੌਣ ਆਏ ! ਮੈਂ ਤਾਂ ਉਸ ਗਰੀਬ ਦੇ ਹਿਰਦੇ ਵਿਚ ਇਤਨਾ ਪ੍ਰੇਮ ਵੇਖਿਆ ਹੈ, ਜਿਸ ਕਰ ਕੇ ਮੈਨੂੰ ਤਾਂ ਉਹ ਗਰੀਬ ਹੀ ਭਾਉਂਦਾ ਹੈ। ਤੂੰ ਤਾਂ ਆਪਣੀ ਹਸਤੀ ਵਡੀ ਜਾਣਨ ਦੇ ਹੰਕਾਰ ਵਿਚ ਹੀ ਰਿਹਾ, ਜਿਸ ਕਰਕੇ ਤੂੰ ਸਾਨੂੰ **ਭਗਵਾਨ** ਕਰਕੇ ਨਾ ਜਾਣ ਸਕਿਆ, ਭਰਮ

ਵਿਚ ਹੀ ਰਿਹਾ ਅਤੇ ਪ੍ਰੇਮ ਨਾ ਕਰ ਸਕਿਆ। ਇਸੇ ਕਾਰਣ ਕਰ ਕੇ ਤੇਰੇ ਦਿਤੇ ਦੁਧ ਨਾਲੋਂ ਬਿਦਰ ਦਾ ਦਿਤਾ ਪਾਣੀ ਹੀ ਸਾਨੂੰ ਪਰਵਾਨ ਹੈ ਕਿਉਂਕਿ ਉਸ ਵਿਚ ਪ੍ਰੇਮ ਰੂਪੀ ਅੰਮ੍ਰਿਤ ਹੈ। ਉਸ ਦੇ ਘਰ ਰਹਿ ਕੇ ਉਸ ਦੇ ਪ੍ਰੇਮ ਦਾ ਭਿਜਾ ਹੋਇਆ ਸਾਗ ਸਾਨੂੰ ਖੀਰ ਸਮਾਨ ਸੁਆਦਲਾ ਲਗਿਆ (ਹਾਲਾਂਕਿ ਸਾਗ ਤਾਂ ਗ਼ਲਤੀ ਨਾਲ ਅਲੂਣਾ ਰਹਿ ਗਿਆ ਸੀ)। ਸਾਰੀ ਰਾਤ ਅਸੀਂ ਪ੍ਰਭੂ ਦੇ ਗੁਣ ਗਾਇਨ ਕਰਨ ਵਿਚ ਬਤੀਤ ਕੀਤੀ।' ਅਗੋਂ ਭਗਤ ਜੀ ਨੇ ਸ੍ਰੀ ਕ੍ਰਿਸ਼ਨ ਜੀ ਦੀ ਸਿਫ਼ਤ ਗਾਇਨ ਕੀਤੀ ਹੈ ਕਿ ਸ੍ਰੀ ਕ੍ਰਿਸ਼ਨ ਜੀ, ਜੋ ਠਾਕੁਰ ਹਨ, ਅਨੰਦ ਅਤੇ ਮੌਜ ਦੇ ਮਾਲਕ ਹਨ ਜਿਨ੍ਹਾਂ ਨੇ ਕਿਰਪਾ ਕਰਨ ਲਗਿਆਂ ਕਦੇ ਕਿਸੇ ਦੀ ਉਚੀ ਨੀਵੀਂ ਜਾਤਿ ਦੀ ਪਰਵਾਹ ਨਹੀਂ ਕੀਤੀ - 'ਰਾਜਨ ਕਉਨੁ ਤੁਮਾਰੈ ਆਵੈ॥ ਐਸੋ ਭਾਉ ਬਿਦਰ ਕੋ ਦੇਖਿਓ ਓਹੁ ਗਰੀਬੁ ਮੋਹਿ ਭਾਵੈ॥ ਹਸਤੀ ਦੇਖਿ ਭਰਮ ਤੇ ਭੂਲਾ **ਸ੍ਰੀ ਭਗਵਾਨੁ** ਨ ਜਾਨਿਆ॥ ਤੁਮਰੋ ਦੂਧੁ ਬਿਦਰ ਕੋ ਪਾਨੋ ਅੰਮ੍ਰਿਤੁ ਕਰਿ ਮੈ ਮਾਨਿਆ॥ ਖੀਰ ਸਮਾਨਿ ਸਾਗੁ ਮੈ ਪਾਇਆ ਗੁਨ ਗਾਵਤ ਰੈਨਿ ਬਿਹਾਨੀ॥ **ਕਬੀਰ ਕੋ ਠਾਕੁਰੁ ਅਨਦ ਬਿਨੋਦੀ ਜਾਤਿ ਨ ਕਾਹੂ ਕੀ ਮਾਨੀ**॥', ਪੰਨਾ ੧੧੦੫. ਨੋਟ ਕਰਨਾਂ ਜ਼ਰੂਰੀ ਹੈ ਕਿ ਭਗਤ ਕਬੀਰ ਜੀ ਇਕ ਹੋਰ ਥਾਈਂ ਵੀ ਸ੍ਰੀ ਕ੍ਰਿਸ਼ਨ ਜੀ ਨੂੰ 'ਠਾਕੁਰੁ' ਕਹਿ ਰਹੇ ਹਨ - 'ਬਿੰਦ੍ਰਾਬਨ ਮਨ ਹਰਨ ਮਨੋਹਰ ਕ੍ਰਿਸਨ ਚਰਾਵਤ ਗਾਊ ਰੇ॥ ਜਾ ਕਾ **ਠਾਕੁਰੁ** ਤੁਹੀ ਸਾਰਿੰਗਧਰ ਮੋਹਿ ਕਬੀਰਾ ਨਾਊ ਰੇ॥', ਅੰਕ ੩੩੮. ਅਤੇ ਉਪਰ ਦਸਿਆ ਜਾ ਚੁਕਿਆ ਹੈ ਕਿ ਭਾਈ ਗੁਰਦਾਸ ਜੀ ਵੀ ਇਸੇ ਤਰ੍ਹਾਂ ਉਨ੍ਹਾਂ ਨੂੰ 'ਠਾਕੁਰ' ਕਹਿੰਦੇ ਹਨ।

**ਗੋਬਿੰਦ ਭਾਉ ਭਗਤਿ ਦਾ ਭੁਖਾ ॥੭॥**

-- ਸਾਰੀ ਸਾਖੀ ਬਿਆਨ ਕਰ ਕੇ, ਭਾਈ ਗੁਰਦਾਸ ਜੀ ਨੇ ਗੁਰ-ਜੋਤਿ ਦੀ ਸਿਫ਼ਤ ਗਾਈ ਹੈ ਕਿ ਸ੍ਰੀ ਕ੍ਰਿਸ਼ਨ ਜੀ ਰੂਪ ਗੋਬਿੰਦ ਪ੍ਰਭੂ ਹਮੇਸ਼ਾਂ ਤੋਂ ਪ੍ਰੇਮ ਭਾਵਨਾ ਅਤੇ ਭਗਤੀ ਦੇ ਹੀ ਭੁਖੇ ਹਨ, ਪਕਵਾਨਾਂ ਆਦਿ ਦੇ ਨਹੀਂ।

ਦੁਰਜੋਧਨ ਵਿਚ ਭਾਉ ਭਗਤੀ ਦੀ ਅਣਹੋਂਦ ਸੀ ਪਰ ਦੂਜੇ ਪਾਸੇ ਬਿਦਰ ਵਿਚ ਭਾਉ ਭਗਤੀ ਅਪਾਰ ਸੀ। ਜਿਸ ਕਰਕੇ ਸ੍ਰੀ ਕ੍ਰਿਸ਼ਨ ਜੀ ਨੇ ਉਸ ਤੇ ਭਰਪੂਰ ਕਿਰਪਾ ਕੀਤੀ। ਸ੍ਰੀ ਕ੍ਰਿਸ਼ਨ ਜੀ ਨੇ ਪਾਂਡਵਾਂ ਤੇ ਵੀ ਕਿਰਪਾ ਕੀਤੀ ਕਿਉਂਕਿ ਉਨ੍ਹਾਂ ਵਿਚ ਵੀ ਭਾਉ ਭਗਤੀ ਪ੍ਰਧਾਨ ਸੀ - 'ਕਿਸਨੁ ਸਹਾਈ ਪਾਂਡਵਾਂ ਭਾਇ ਭਗਤਿ ਕਰਤੂਤਿ ਵਿਸੇਖੈ॥', ਵਾਰ ੩੧:੪. ਜਿਵੇਂ ਬਿਦਰ ਦੇ, ਸ੍ਰੀ ਕ੍ਰਿਸ਼ਨ ਜੀ ਦੀ ਭਾਉ ਭਗਤੀ ਨਾਲ ਪਿੰਨੀ, ਸਾਗ ਆਦਿ ਛਕਾਉਣ ਦੀ ਸੇਵਾ ਕਰਨ ਨਾਲ ਸਭ ਦੁਖ ਕਟੇ ਗਏ, **ਮਹਾਤਮਾ ਦੀ ਇਸੇ ਤਰ੍ਹਾਂ ਦੀ ਭਾਉ ਭਗਤੀ ਨਾਲ ਭੁਖ ਆਦਿ ਦੇ ਦੁਖ ਕਟੇ ਜਾਂਦੇ ਹਨ**, ਇੰਝ ਔਖਾ ਤਰਿਆ ਜਾਣ ਵਾਲਾ ਭਵਸਾਗਰ ਵੀ ਤਰਿਆ ਜਾਂਦਾ ਹੈ - 'ਭਾਵ ਭਗਤਿ ਭੁਖ ਜਾਇ ਘਰਿ ਬਿਦਰੁ ਖਵਾਲੈ ਪਿੰਨੀ ਸਾਗੈ॥ ਪਿਰਮ ਪਿਆਲੇ ਦੁਤਰੁ ਝਾਗੈ॥', ਵਾਰ ੨੬:੨੫.

ਸ੍ਰੀ ਗੁਰੂ ਰਾਮਦਾਸ ਸਾਹਿਬ ਦੇ ਬਚਨ ਹਨ ਕਿ ਇਕ ਦਾਸੀ ਦੇ ਪੁਤਰ, ਬਿਦਰ ਗਰੀਬੜੇ ਨੂੰ ਸ੍ਰੀ ਕ੍ਰਿਸ਼ਨ ਜੀ ਨੇ ਆਪਣੇ ਗਲ ਨਾਲ ਲਗਾ ਲਿਆ - 'ਬਿਦਰ ਦਾਸੀ ਸੁਤੁ ਛੋਕ ਛੋਹਰਾ ਕ੍ਰਿਸਨੁ ਅੰਕਿ ਗਲਿ ਲਾਵੈਗੋ॥', ਅੰਕ ੧੩੦੯. ਸ੍ਰੀ ਗੁਰੂ ਅਰਜਨ ਦੇਵ ਸਾਹਿਬ ਦੇ ਵੀ ਬਚਨ ਹਨ ਕਿ ਸ੍ਰੀ ਕ੍ਰਿਸ਼ਨ ਜੀ ਨੇ ਉਸ ਤੇ ਕਿਰਪਾ ਕਰਕੇ ਉਸ ਨੂੰ ਪਵਿਤਰ ਤਾ ਕੀਤਾ ਹੀ, ਨਾਲ ਹੀ ਉਸ ਦੀ ਸਾਰੀ ਕੁਲ ਹੀ ਉਜਲੀ ਹੋ ਗਈ - 'ਬਿਦਰੁ ਦਾਸੀ ਸੁਤੁ ਭਇਓ ਪੁਨੀਤਾ

ਸਗਲੇ ਕੁਲ ਉਜਾਰੇ॥', ਅੰਕ ੯੯੯. ਇਹ ਕੋਈ ਮਨਘੜਤ ਕਥਾ ਕਹਾਣੀ ਜਾਂ ਮਿਥਿਹਾਸ ਨਹੀਂ ਸਗੋਂ ਪੰਜਵੇਂ ਪਾਤਸ਼ਾਹ ਦੇ ਬਚਨ ਹਨ ਕਿ ਇਹ ਸਾਖੀ ਹੈ, ਦਾਸ ਭਾਵ ਨਾਲ ਸ੍ਰੀ ਕ੍ਰਿਸ਼ਨ ਜੀ ਦੀ ਸੇਵਾ ਕੀਤਿਆਂ ਬਿਦਰ ਦਾ ਉਧਾਰ ਹੋ ਗਿਆ, ਬ੍ਰਾਹਮਣ ਸੁਦਾਮੇ ਦਾ ਦਲਿਦ੍ਰ ਖਤਮ ਕੀਤਾ, ਬਧਿਕ, ਕੁਬਿਜਾ, ਬਿਦਰ ਦਾ ਉਧਾਰ ਕੀਤਾ, 'ਇਸ ਲਈ ਹੇ ਮੇਰੇ ਮਨ ! ਤੂੰ ਵੀ ਹਰੀ ਪ੍ਰਭੂ/ਗੁਰਜੋਤਿ ਨੂੰ ਜਪ' - 'ਸੁਣਿ ਸਾਖੀ ਮਨ ਜਪਿ ਪਿਆਰ॥..ਬਿਪ੍ਰ ਸੁਦਾਮੇ ਦਾਲਦੁ ਭੰਜ॥..ਬਧਿਕੁ ਉਧਾਰਿਓ ਖਮਿ ਪ੍ਰਹਾਰ॥ ਕੁਬਿਜਾ ਉਧਰੀ ਅੰਗੁਸਟ ਧਾਰ॥..ਬਿਦਰੁ ਉਧਾਰਿਓ ਦਾਸਤ ਭਾਇ॥ ਰੇ ਮਨ ਤੂ ਭੀ ਹਰਿ ਧਿਆਇ॥', ਅੰਕ ੧੧੯੨.

ਸਿਖ ਇਤਿਹਾਸ ਵਿਚ ਭਾਈ ਲਾਲੋ ਜੀ ਨੇ ਸ੍ਰੀ ਗੁਰੂ ਨਾਨਕ ਸਾਹਿਬ ਦੀ ਭਾਉ ਭਗਤੀ ਕੀਤੀ। ਹੋਰ ਅਨੇਕ ਦ੍ਰਿਸ਼ਟਾਂਤ ਆਉਂਦੇ ਹਨ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਆਪਣੇ ਸਾਂਢੂ ਸਾਈਂ ਦਾਸ ਕੋਲ ਡਰੋਲੀ ਠਹਿਰੇ ਹੋਏ ਸਨ। ਤਕਰੀਬਨ ਤੀਹ ਕੋਹ ਦੀ ਵਿਥ ਤੇ ਦੋ ਲਕੜਹਾਰੇ, ਭਾਈ ਸਾਧੂ ਜੀ ਅਤੇ ਭਾਈ ਰੂਪਾ ਜੀ, ਪਿਉ ਪੁਤ ਲਕੜੀਆਂ ਕਟ ਰਹੇ ਸਨ ਜੇਠ ਦੇ ਮਹੀਨੇ ਦੀ ਸਿਖਰ ਦੁਪਹਿਰੇ, ਭਖਦੀ ਗਰਮੀ ਸੀ। ਪਾਣੀ ਪੀਣ ਲਈ ਜੰਡ ਤੇ ਲਟਕੀ ਛਾਗਲ ਲਾਹੀ ਤਾਂ ਵੇਖਿਆ, ਪਾਣੀ ਠੰਢਾ ਠਾਰ। ਪਿਉ ਪੁਤ, ਸ੍ਰੀ ਗੁਰੂ ਹਰਿਗੋਬਿੰਦ ਪਾਤਸ਼ਾਹ ਨਾਲ ਲਿਵ ਜੋੜ ਕੇ ਬੈਠ ਗਏ ਕਿ ਪਾਤਸ਼ਾਹ ਇਹ ਠੰਢਾ ਜਲ ਛਕਣ, ਫ਼ਿਰ ਉਹ ਛਕਣਗੇ। ਅਚਾਨਕ ਪਾਤਸ਼ਾਹ ਉਠੇ। ਬਲਦੀ ਸਿਖਰ ਦੁਪਹਿਰੇਂ ਤੀਹ ਕੋਹ (ਪੰਜਤਾਲੀ ਮੀਲ) ਦਾ ਪੈਂਡਾ, ਘੋੜੇ ਤੇ ਕੀਤਾ। ਆਉਂਦੇ ਸਾਰ ਪਾਣੀ ਮੰਗਿਆ ਤੇ ਭਾਈ ਸਾਧੂ ਤੇ ਭਾਈ ਰੂਪਾ ਦੀ ਭਾਉ ਭਗਤੀ ਕਬੂਲ ਹੋਈ। ਗੋਬਿੰਦ ਤਾਂ ਸਦਾ ਤੋਂ ਹੀ ਭਾਉ ਭਗਤੀ ਦਾ ਭੁਖਾ ਰਿਹਾ ਹੈ। ਸ੍ਰੀ ਗੁਰੂ ਨਾਨਕ ਦੇਵ ਸਾਹਿਬ ਸੰਗਲਾਦੀਪ ਆਦਿ ਦੂਰ ਦੁਰੇਡੇ ਸਥਾਨਾਂ ਤੋਂ ਬੇਬੇ ਨਾਨਕੀ ਦਾ ਪਰਸ਼ਾਦਾ ਛਕਣ ਪੁਜ ਜਾਂਦੇ ਸਨ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਪਿੰਜਰੇ ਵਿਚ ਕੈਦ ਹੁੰਦਿਆਂ ਆਪਣੇ ਸਿਖਾਂ ਦੇ ਘਰ ਪਰਸ਼ਾਦਾ ਛਕਣ ਪੁਜ ਜਾਂਦੇ ਰਹੇ।

ਵਾਕਈ 'ਗੋਬਿੰਦ ਭਾਉ ਭਗਤਿ ਦਾ ਭੁਖਾ॥'

